# ਭਗਤ ਨਾਮਦੇਵ - ਸਬਦ ੬੦

ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥

ਰਾਗੁ ਪ੍ਰਭਾਤੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੩੫੧

ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥
ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ ॥੧॥
ਗੋਬਿਦੁ ਗਾਜੈ ਸਬਦੁ ਬਾਜੈ ॥
ਆਨਦ ਰੂਪੀ ਮੇਰੋ ਰਾਮਈਆ ॥੧॥ ਰਹਾਉ ॥
ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ ॥
ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ ॥੨॥
ਤੁਮ੍ ਚੇ ਪਾਰਸੁ ਹਮ ਚੇ ਲੋਹਾ ਸੰਗੇ ਕੰਚਨੁ ਭੈਇਲਾ ॥
ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ ॥੩॥੨॥

ਸਾਰ: ਕੁਦਰਤ ਦੇ ਮੂਲ ਨਿਯਮ ਸਮੇਂ ਦੇ ਪ੍ਰਵਾਹ ਤੋਂ ਪਾਰ ਹੁੰਦੇ ਹਨ ਅਤੇ ਇਕ ਅਨੰਤ ਨਿਰੰਤਰਤਾ ਧਾਰਾ ਵਿਚ ਵਹਿੰਦੇ ਹਨ, ਜੋ ਭੂਤਕਾਲ, ਵਰਤਮਾਨ ਅਤੇ ਭਵਿੱਖ ਦੀਆਂ ਹੱਦਾਂ ਤੋਂ ਵੀ ਉੱਪਰ ਹੁੰਦੀ ਹੈ। ਉਨ੍ਹਾਂ ਦਾ ਵਿਸ਼ਵਵਿਆਪੀ ਪ੍ਰਭਾਵ ਹੋਂਦ ਦੇ ਹਰ ਪੱਖ ਨੂੰ ਬਿਨਾਂ ਕਿਸੇ ਰੁਕਾਵਟ ਸਹਾਰਾ ਦਿੰਦਾ ਹੈ ਅਤੇ ਰੰਗ-ਰੂਪਾਂ ਦੇ ਬਦਲਦੇ ਸੰਸਾਰ ਵਿਚ ਆਪਣੇ ਮੂਲ ਹੇਠ ਨਿਰੰਤਰ ਅਟੱਲ ਰਹਿੰਦਾ ਹੈ। ਇਹ ਅੰਤਰੀਵੀ ਸੱਚ ਸਾਨੂੰ ਛਿੰਨ-ਭੰਗਰਤਾ ਵਿਚ ਸਥਿਰਤਾ ਭਾਲਣ ਦੀ ਆਸ ਤੋਂ ਮੁਕਤ ਕਰਦਾ ਹੈ। ਮਨ ਭਟਕਣਾਵਾਂ ਤੋਂ ਮੁਕਤ ਹੋ ਆਪਣੇ ਅੰਦਰ ਅਤੇ ਆਪਣੇ ਆਲੇ-ਦੁਆਲੇ ਵਸਦੀ ਕਾਲ-ਅਤੀਤ ਹਾਜ਼ਰਤਾ ਪ੍ਰਤੀ ਜਾਗਰੂਕ ਹੋ ਸਕਦਾ ਹੈ। ਇਹ ਵਰਤਾਰਾ ਸਾਨੂੰ ਜੀਵਨ ਨਾਲ ਪੂਰੀ ਸ਼ਿੱਦਤ ਅਤੇ ਗੂੜ੍ਹਤਾ ਨਾਲ ਇਕਸੁਰ ਹੋਣ ਲਈ ਸੱਦ ਦਿੰਦਾ ਹੈ।

ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥

ਅਰੰਭਤਾ ਦੇ ਆਦਿ ਤੋਂ, ਜੁਗਾਂ-ਜੁਗਾਂ ਤੱਕ, ਇਸ ਦੀ ਹੱਦ ਨੂੰ ਕਦੇ ਵੀ ਜਾਣਿਆ ਨਹੀਂ ਜਾ ਸਕਿਆ। ਇਹ ਭਾਵ ਦਰਸਾਉਂਦਾ ਹੈ ਕਿ ਕੁਦਰਤ ਅਤੇ ਚੇਤਨਾ ਦੇ ਮੂਲ ਨਿਯਮ ਸਮੇਂ ਦੀਆਂ ਹੱਦ-ਬੰਦੀਆਂ ਤੋਂ ਪਰੇ ਕਾਰਜ਼ ਕਰਦੇ ਹਨ ਅਤੇ ਉਨ੍ਹਾਂ ਦਾ ਵਿਸਥਾਰ ਅਨੰਤ ਹੈ।

ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ ॥੧॥

ਸਰਬਵਿਆਪੀ ਚੇਤਨਾ ਇਕ ਰਸ ਹਰ ਥਾਂ ਅਤੇ ਹਰ ਵਸਤੂ ਵਿਚ ਵਿਆਪਕ ਹੈ; ਇਸੇ ਤਰ੍ਹਾਂ ਇਸ ਦੀ ਹਾਜ਼ਰਤਾ ਅਤੇ ਸਰੂਪ ਦਾ ਵਰਣਨ ਕੀਤਾ ਗਿਆ ਹੈ। ਇਹ ਭਾਵ ਸਮਝਾਉਂਦਾ ਹੈ ਕਿ ਹੋਂਦ ਦਾ ਮੂਲ ਕੋਈ ਦੂਰ ਸਥਿਤ ਵਸਤ ਨਹੀਂ, ਸਗੋਂ ਸਮੁੱਚੇ ਜੀਵਨ ਦਾ ਨਿਰੰਤਰ ਆਧਾਰ ਹੈ। (੧)

ਗੋਬਿਦੁ ਗਾਜੈ ਸਬਦੁ ਬਾਜੈ ॥

ਸਰਬਵਿਆਪੀ ਊਰਜਾ ਦਾ ਨਾਦ ਧੁਰ ਅੰਦਰ ਤੱਕ ਗੂੰਜਦਾ ਹੈ ਅਤੇ ਬਿਬੇਕ ਦੀ ਗੂੰਜ ਦੀ ਧੁਨ ਵੀ ਅੰਦਰ ਪ੍ਰਗਟ ਹੁੰਦੀ ਹੈ।  ਇਹ ਦ੍ਰਿਸ਼ਟਾਂਤ ਸਿਰਮੌਰ ਜਾਗਰੂਕਤਾ ਦੇ ਅੰਤਰੀਵੀ ਅਨੁਭਵ ਨੂੰ ਦਰਸਾਉਂਦਾ ਹੈ, ਜਿੱਥੇ ਮਨ ਬ੍ਰਹਿਮੰਡੀ ਵਿਵਸਥਾ ਦੇ ਲੈਅਬੱਧ ਪ੍ਰਵਾਹ ਨੂੰ ਮਹਿਸੂਸ ਕਰਦਾ ਹੈ।

ਆਨਦ ਰੂਪੀ ਮੇਰੋ ਰਾਮਈਆ ॥੧॥ ਰਹਾਉ ॥

ਮੇਰੀ ਸਰਬਵਿਆਪੀ ਚੇਤਨਾ ਆਨੰਦ ਸਰੂਪ ਹੈ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਚੇਤਨਾ ਦੇ ਸ਼ਾਂਤ ਸਰੂਪ ਦਾ ਅਹਿਸਾਸ ਸੰਤੋਖ ਅਤੇ ਸ਼ੁਕਰਾਨੇ ਦੇ ਘਰ ਜਾ ਹੀ ਕੀਤਾ ਜਾ ਸਕਦਾ ਹੈ। (੧)(ਠਹਿਰਾਉ)

ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ ॥

ਚੰਦਨ ਦੀ ਸੁਗੰਧ ਆਪਣੇ ਚੌਗਿਰਦੇ ਵਿਚ ਵਸਦੀ ਬਨਸਪਤੀ ਵਿਚ ਘੁਲ ਸ਼ਾਂਤੀ ਦਾ ਅਹਿਸਾਸ ਕਰਵਾਉਂਦੀ ਹੈ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਜਾਗਰੂਕਤਾ ਦੀ ਇਕ ਝਲਕ ਜਾਂ ਅਨੁਭਵ ਮਨ ਦੇ ਬੇਲੋੜੇ ਅਤੇ ਤੁੱਛ ਵਿਚਾਰਾਂ ਨੂੰ ਬਦਲ ਦਿੰਦਾ ਹੈ।

ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ ॥੨॥

ਹਰ ਵਸਤ ਵਿਚ ਚੰਦਨ ਦੀ ਮੂਲ ਸੁਗੰਧ ਰਮੀ ਹੋਈ ਹੈ। ਇਹ ਭਾਵ ਸਾਡੇ ਚੌਗਿਰਦੇ ਵਿਚ ਪਸਰਣ ਵਾਲੀ ਪ੍ਰਕਿਰਤੀ ਨੂੰ ਦਰਸਾਉਂਦਾ ਹੈ, ਜਿਸ ਅਨੁਸਾਰ ਅਸੀਂ ਵਿਚਾਰਾਂ ਅਤੇ ਕਰਮਾਂ ਨੂੰ ਗ੍ਰਹਿਣ ਕਰਦੇ ਹਾਂ। (੨)

ਤੁਮ੍ ਚੇ ਪਾਰਸੁ ਹਮ ਚੇ ਲੋਹਾ ਸੰਗੇ ਕੰਚਨੁ ਭੈਇਲਾ ॥
ਤੁਸੀਂ ਪਾਰਸ ਹੋ ਅਤੇ ਮੈਂ ਲੋਹਾ ਹਾਂ; ਤੁਹਾਡੇ ਸਪਰਸ਼ ਨਾਲ ਮੈਂ ਸੋਨਾ ਬਣ ਗਿਆ ਹਾਂ। ਰੁਪਾਂਤ੍ਰਣ ਦਾ ਇਹ ਦ੍ਰਿਸ਼ਟਾਂਤ ਦਰਸਾਉਂਦਾ ਹੈ ਕਿ ਅੰਤਰੀਵੀ ਆਪੇ ਨਾਲ ਜੁੜ ਕਠੋਰ, ਹਉਮੈਂ ਕੇਂਦਰਿਤ ਸੁਭਾ ਨਿਰਮਲਤਾ ਦਾ ਰੂਪ ਹੋ ਜਾਂਦਾ ਹੈ।

ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ ॥੩॥੨॥
ਤੁਸੀਂ ਦਇਆਵਾਨ ਅਤੇ ਅਨਮੋਲ ਰਤਨ ਹੋ; ਨਾਮਦੇਵ ਇਸ ਸੱਚਾਈ ਵਿਚ ਅਭੇਦ ਹੋ ਜਾਂਦੇ ਹਨ। ਇਹ ਭਾਵ ਆਤਮ ਬੋਧ ਲਈ ਸਵੈ-ਕਿਰਪਾ ਵੱਲ ਸੰਕੇਤ ਕਰਦਾ ਹੈ, ਜੋ ਏਕਮ ਸਤਿ ਨਾਲ ਏਕਤਾ ਦੀ ਤੰਦ ਪਾਉਣ ਨੂੰ ਉਤਸ਼ਾਹਿਤ ਕਰਦਾ ਹੈ। (੩)(੨)

ਤੱਤ: ਭਗਤ ਨਾਮਦੇਵ ਅਜਿਹੇ ਰੁਪਾਂਤ੍ਰਣ ਦੀ ਬਾਤ ਪਾਉਂਦੇ ਹਨ ਜੋ ਸਵੈ ਨੂੰ ਸੁਧਾਰਨ ਤੱਕ ਸੀਮਤ ਨਾ ਹੋਵੇ, ਬਲਕਿ ਸਾਡੀ ਮੂਲ ਪ੍ਰਵਿਰਤੀ ਦੇ ਧੁਰ ਤੱਕ ਪਹੁੰਚ ਜਾਵੇ। ਸਵੈ ਅੰਦਰ ਵਾਪਰਦੀ ਕ੍ਰਿਪਾ ਅਜਿਹੇ ਦਰ ਖੋਲ੍ਹਦੀ ਹੈ ਜੋ ਆਤਮ ਬੋਧ ਨੂੰ ਹਕੀਕੀ ਅਨੁਭਵ ਵਿਚ ਉਤਾਰਦੀ ਹੈ। ਇਸ ਖੇਡ ਦਾ ਉਦਭਵ ਸਾਡੇ ਅੰਦਰੋਂ ਹੁੰਦਾ ਹੈ, ਜੋ ਸੱਚ ਨੂੰ ਬਿਨ੍ਹਾਂ ਕਿਸੇ ਰੁਕਾਵਟ ਧਾਰਨ ਕਰਨ ਦੀ ਆਗਿਆ ਦਿੰਦਾ ਹੈ। ਜਿਸ ਤਰ੍ਹਾਂ ਜਾਗ੍ਰਿਤੀ ਦਾ ਵਿਗਾਸ ਹੁੰਦਾ ਹੈ, ਵਿਛੋੜੇ ਦਾ ਅਹਿਸਾਸ ਮੱਧਮ ਪੈਣ ਲੱਗਦਾ ਹੈ ਅਤੇ ਮਨ ਏਕਮ ਸਤਾ ਵੱਲ ਪ੍ਰੇਰਿਤ ਹੁੰਦਾ ਹੈ। ਇਸ ਅਵਸਥਾ ਵਿਚ ਸਾਡੀ ਸੋਚ, ਅੰਦਰ ਵੱਸਦੇ ਗੁਣਾਂ ਅਤੇ ਜੀਵਨ ਸ਼ੈਲੀ ਦਾ ਅਧਾਰ ਸਤਿ ਬਣ ਜਾਂਦਾ ਹੈ। ਇਸ ਤਰ੍ਹਾਂ, ਸਾਡੇ ਅੰਦਰ ਵੱਸਦੀ ਕ੍ਰਿਪਾ ਸਾਡੀ ਆਤਮਾ ਨੂੰ ਸਦਭਾਵਨਾ ਵੱਲ ਪ੍ਰੇਰਿਤ ਕਰਦੀ ਹੈ। ਇਸ ਨੂੰ ਇਸਦੇ ਮੂਲ ਤੱਤਸਾਰ ਨਾਲ ਜੋੜਦੀ ਹੋਈ, ਹੋਂਦ ਦੀ ਸਮੁੱਚੀ ਅੰਤਰਸੰਬੰਧਿਤਾ ਨੂੰ ਪਛਾਣਨ ਵਿਚ ਸਹਾਇਤਾ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**